<u>ਭਾਗ -1</u>

# ਕਾਨੂੰਨੀ ਅਤੇ ਵਿਧਾਨਿਕ ਮਾਮਲੇ ਵਿਭਾਗ ਪੰਜਾਬ

## <u>ਨੋਟੀਫੀਕੇਸ਼ਨ</u>

## 20 ਅਕਤੂਬਰ, 2011

ਨੰ: 37-ਲੀਗਲ / 2011 - ਪੰਜਾਬ ਰਾਜ ਦੀ ਵਿਧਾਨ ਸਭਾ ਦੁਆਰਾ ਬਣਾਏ ਹੇਠ ਦਿੱਤੇ ਐਕਟ ਨੂੰ ਪੰਜਾਬ ਦੇ ਰਾਜਪਾਲ ਜੀ ਦੁਆਰਾ ਮਿਤੀ 19 ਅਕਤੂਬਰ, 2011, ਨੂੰ ਸਹਿਮਤੀ ਦਿੱਤੀ ਗਈ, ਆਮ ਸੂਚਨਾ ਹਿੱਤ ਪ੍ਰਕਾਸ਼ਿਤ ਕੀਤਾ ਜਾਂਦਾ ਹੈ :-

## ਪੰਜਾਬ ਸੇਵਾ ਅਧਿਕਾਰ ਐਕਟ, 2011

## (ਪੰਜਾਬ ਐਕਟ ਨੰ: 24 ਆਫ 2011)

## ਇੱਕ

## ਐਕਟ

ਪੰਜਾਬ ਰਾਜ ਦੇ ਲੋਕਾਂ ਨੂੰ ਮਿੱਥੇ ਸਮੇਂ ਅੰਦਰ ਅਤੇ ਇਸ ਨਾਲ ਜੁੜੇ ਅਤੇ ਸਬੰਧਤ ਮਾਮਲਿਆਂ ਸਬੰਧੀ ਸੇਵਾਵਾਂ ਪ੍ਰਦਾਨ ਕਰਨ ਲਈ।

ਹੇਠ ਦਿੱਤੇ ਅਨੁਸਾਰ ਭਾਰਤ ਗਣਤੰਤਰ ਦੇ 62ਵੇਂ ਵਰ੍ਹੇ ਵਿੱਚ, ਪੰਜਾਬ ਰਾਜ ਦੀ ਵਿਧਾਨ ਸਭਾ ਦੁਆਰਾ ਇਹ ਐਕਟ ਬਣਾਇਆ ਗਿਆ :-

1. **ਸੰਖੇਪ ਸਿਰਲੇਖ ਅਤੇ ਲਾਗੂ ਹੋਣਾ (Short title and commencement) :-**

(1) ਇਸ ਐਕਟ ਨੂੰ ਪੰਜਾਬ ਸੇਵਾ ਦਾ ਅਧਿਕਾਰ ਐਕਟ, 2011 ਕਿਹਾ ਜਾਵੇਗਾ;

(2) ਇਹ ਇਸ ਦੇ ਸਰਕਾਰੀ ਗਜ਼ਟ ਵਿਚ ਪ੍ਰਕਾਸ਼ਣ ਦੀ ਮਿਤੀ ਤੋਂ ਲਾਗੂ ਹੋਵੇਗਾ।

2. **ਪ੍ਰੀਭਾਸ਼ਾਵਾਂ (Definitions) :- ਇਸ ਐਕਟ ਵਿੱਚ, ਜਦੋਂ ਤੱਕ ਕਿ ਪ੍ਰਸੰਗ ਤੋਂ ਵੱਖਰੀ ਜ਼ਰੂਰਤ ਨਾ ਹੋਵੇ :-**

ਏ) 'ਕਮਿਸ਼ਨ' (Commission) ਦਾ ਅਰਥ ਹੈ ਧਾਰਾ 12 ਅਧੀਨ ਗਠਿਤ ਕੀਤਾ ਕਮਿਸ਼ਨ;

ਬੀ) 'ਨਾਮਜ਼ਦ ਅਧਿਕਾਰੀ' (Designated Officer) ਦਾ ਅਰਥ ਹੈ, ਧਾਰਾ 3 ਅਧੀਨ ਨੋਟੀਫ਼ਾਈ ਅਧਿਕਾਰੀ;

ਸੀ) 'ਪਾਤਰ ਵਿਅਕਤੀ' (Eligible Person) ਦਾ ਅਰਥ ਉਸ ਵਿਅਕਤੀ ਤੋਂ ਹੈ ਜੋ ਧਾਰਾ 3 ਅਧੀਨ ਨੋਟੀਫਾਈ ਸੇਵਾਵਾਂ ਹਾਸਿਲ ਕਰਨ ਦਾ ਪਾਤਰ ਹੈ;

ਡੀ) 'ਪਹਿਲੀ ਅਪੀਲ ਅਥਾਰਟੀ' (First Appellate Authority) ਦਾ ਅਰਥ ਹੈ ਉਹ ਅਧਿਕਾਰੀ ਜਿਸ ਨੂੰ ਅਜਿਹੇ ਤੌਰ ਤੇ ਧਾਰਾ 3 ਅਧੀਨ ਨੋਟੀਫ਼ਾਈ ਕੀਤਾ ਗਿਆ ਹੋਵੇ;

ਈ) 'ਦਿੱਤੇ ਸਮੇਂ ਦੀ ਹੱਦ' (Given time limit) ਦਾ ਅਰਥ ਹੈ, ਨਾਮਜ਼ਦ ਅਧਿਕਾਰੀ ਦੁਆਰਾ ਸੇਵਾ ਪ੍ਰਦਾਨ ਕਰਨ ਲਈ ਧਾਰਾ 3 ਅਧੀਨ ਨੋਟੀਫਾਈ ਵੱਧ ਤੋਂ ਵੱਧ ਸਮਾਂ;

ਐਫ) 'ਨਿਰਧਾਰਿਤ' (prescribed) ਦਾ ਅਰਥ ਹੈ, ਇਸ ਐਕਟ ਅਧੀਨ ਬਣਾਏ ਨਿਯਮਾਂ ਦੁਆਰਾ ਨਿਰਧਾਰਿਤ;

ਜੀ) 'ਸੇਵਾ ਦਾ ਅਧਿਕਾਰ' (Right to Service) ਦਾ ਅਰਥ ਹੈ, ਦਿੱਤੇ ਸਮੇਂ ਦੀ ਹੱਦ ਅੰਦਰ ਸੇਵਾ ਪ੍ਰਾਪਤ ਕਰਨ ਦਾ ਅਧਿਕਾਰ;

ਐਚ) 'ਸੇਵਾ (Service) ਦਾ ਅਰਥ ਹੈ ਧਾਰਾ 3 ਅਧੀਨ ਨੋਟੀਫ਼ਾਈ ਕੋਈ ਵੀ ਸੇਵਾ;

ਆਈ) 'ਦੂਜੀ ਅਪੀਲ ਅਥਾਰਟੀ' (Second Appellate Authority) ਦਾ ਅਰਥ ਹੈ, ਉਹ ਅਧਿਕਾਰੀ ਜਿਸ ਨੂੰ ਅਜਿਹੇ ਤੌਰ ਤੇ ਧਾਰਾ 3 ਅਧੀਨ ਨੋਟੀਫ਼ਾਈ ਕੀਤਾ ਗਿਆ ਹੋਵੇ;

ਜੇ) 'ਧਾਰਾ' (Section) ਦਾ ਅਰਥ ਹੈ, ਇਸ ਐਕਟ ਦੀ ਧਾਰਾ; ਅਤੇ

ਕੇ) 'ਰਾਜ ਸਰਕਾਰ' (State Government) ਦਾ ਅਰਥ ਹੈ, ਪੰਜਾਬ ਰਾਜ ਦੀ ਸਰਕਾਰ।

3. **ਸੇਵਾ, ਨਾਮਜ਼ਦ ਅਧਿਕਾਰੀ, ਪਹਿਲੀ ਅਪੀਲ ਅਥਾਰਟੀ, ਦੂਜੀ ਅਪੀਲ ਅਥਾਰਟੀ ਅਤੇ ਦਿੱਤੇ ਗਏ ਸਮੇਂ ਦੀ ਹੱਦ ਨੋਟੀਫ਼ਾਈ ਕਰਨਾ (Notification of service, Designated Officers, First Appellate Authority, Second Appellate Authority and the given time limit) :-**

(1) ਰਾਜ ਸਰਕਾਰ ਨੋਟੀਫ਼ੀਕੇਸ਼ਨ ਰਾਹੀਂ ਸਮੇਂ -ਸਮੇਂ ਸਿਰ ਉਹ ਸੇਵਾਵਾਂ, ਜਿਨ੍ਹਾਂ ਤੇ ਇਹ ਐਕਟ ਲਾਗੂ ਹੋਵੇਗਾ, ਨੋਟੀਫ਼ਾਈ ਕਰ ਸਕਦੀ ਹੈ;

(2) ਰਾਜ ਸਰਕਾਰ ਨੋਟੀਫ਼ੀਕੇਸ਼ਨ ਰਾਹੀਂ, ਇਸ ਐਕਟ ਦੇ ਮੰਤਵ ਲਈ, ਨਾਮਜ਼ਦ ਅਧਿਕਾਰੀ, ਪਹਿਲ ਅਪੀਲ ਅਥਾਰਟੀ, ਦੂਜੀ ਅਪੀਲ ਅਥਾਰਟੀ ਅਤੇ ਨਿਰਧਾਰਤ ਸਮਾਂ- ਸੀਮਾਂ ਨਿਸ਼ਚਤ ਕਰ ਸਕਦੀ ਹੈ।

4. **ਸੇਵਾ ਪ੍ਰਦਾਨ ਕਰਨਾ (Providing of Service) ਨਾਮਜ਼ਦ ਅਧਿਕਾਰੀ, ਪਾਤਰ ਵਿਅਕਤੀ ਨੂੰ, ਦਿੱਤੇ ਗਏ ਸਮੇਂ ਵਿੱਚ ਸੇਵਾ ਪ੍ਰਦਾਨ ਕਰੇਗਾ।**

5. **ਸੇਵਾ ਪ੍ਰਾਪਤ ਕਰਨ ਦੀ ਕਾਰਜ -ਵਿਧੀ (Procedure for obtaining service)** :-

(1) ਇੱਕ ਪਾਤਰ ਵਿਅਕਤੀ, ਇਸ ਐਕਟ ਦੇ ਉਪਬੰਧਾਂ ਅਧੀਨ ਸੇਵਾਵਾਂ ਪ੍ਰਾਪਤ ਕਰਨ ਲਈ ਨਾਮਜ਼ਦ ਅਧਿਕਾਰੀ ਨੂੰ ਪ੍ਰਤੀਬੇਨਤੀ ਕਰੇਗਾ;

(2) ਨਾਮਜ਼ਦ ਅਧਿਕਾਰੀ, ਉੱਪ ਧਾਰਾ (1) ਅਧੀਨ ਪ੍ਰਤੀ ਬੇਨਤੀ ਪ੍ਰਾਪਤ ਹੋਣ ਤੇ ਨਿਰਧਾਰਤ ਸਮੇਂ ਵਿੱਚ ਸੇਵਾ ਪ੍ਰਦਾਨ ਕਰੇਗਾ ਜਾਂ ਪ੍ਰਤੀ ਬੇਨਤੀ ਰੱਦ ਕਰੇਗਾ ਅਤੇ ਰੱਦ ਕਰਨ ਦੀ ਸੂਰਤ ਵਿੱਚ ਇਸ ਦੇ ਕਾਰਨ ਲਿਖਤੀ ਰੂਪ ਵਿਚ ਦਰਜ ਕਰੇਗਾ ਅਤੇ ਉਹ ਇਸ ਸਬੰਧੀ ਬਿਨੈਕਾਰ ਨੂੰ ਸੂਚਿਤ ਕਰੇਗਾ;

(3) ਹਰ ਇੱਕ ਨਾਮਜ਼ਦ ਅਧਿਕਾਰੀ ਮੰਗੀ ਗਈ ਸੇਵਾ ਦਾ ਵਿਸਥਾਰ ਰਿਕਾਰਡ ਨਿਰਧਾਰਿਤ ਕਿਤੇ ਫ਼ਾਰਮ -1 ਵਿੱਚ ਰੱਖੇਗਾ;

6. **ਪਹਿਲੀ ਅਪੀਲ (First Appeal) :-**

(1) ਕੋਈ ਵੀ ਪਾਤਰ ਵਿਅਕਤੀ, ਜਿਸ ਦੀ ਸੇਵਾ ਪ੍ਰਾਪਤ ਕਰਨ ਦੀ ਪ੍ਰਤੀਬੇਨਤੀ, ਧਾਰਾ 5 ਦੀ ਉਪ ਧਾਰਾ (2) ਅਧੀਨ ਰੱਦ ਕੀਤੀ ਗਈ ਹੈ ਜਾਂ ਜਿਸ ਨੂੰ ਨਿਰਧਾਰਤ ਕੀਤੇ ਸਮੇਂ ਵਿੱਚ ਸੇਵਾ ਪ੍ਰਦਾਨ ਨਹੀਂ ਕੀਤੀ ਗਈ, ਪਹਿਲੀ ਅਪੀਲ ਅਥਾਰਟੀ ਪਾਸ ਬੇਨਤੀ ਰੱਦ ਕੀਤੇ ਜਾਣ ਦੀ ਮਿਤੀ ਤੋਂ ਜਾਂ ਨਿਰਧਾਰਤ ਸਮਾਂ ਪੂਰਾ ਹੋਣ ਦੀ ਮਿਤੀ ਤੋਂ ਤੀਹ ਦਿਨਾਂ ਦੇ ਅੰਦਰ, ਜੋ ਵੀ ਹੋਵੇ, ਅਪੀਲ ਦਾਇਰ ਕਰ ਸਕਦਾ ਹੈ;

(2) ਉਪ ਧਾਰ੍ਰਾ (1) ਅਧੀਨ ਅਪੀਲ ਪ੍ਰਾਪਤ ਹੋਣ ਤੇ, ਪਹਿਲੀ ਅਪੀਲ ਅਥਾਰਟੀ ਮਾਮਲੇ ਤੇ ਵਿਚਾਰ ਕਰੇਗੀ ਅਤੇ ਜੇਕਰ ਉਸ ਦੀ ਰਾਏ ਵਿੱਚ ਪਾਤਰ ਵਿਅਕਤੀ ਦੀ ਸ਼ਿਕਾਇਤ ਯੋਗ ਉਚਿਤ ਹੈ, ਤਾਂ ਉਹ ਇਹ ਨਾਮਜ਼ਦ ਅਧਿਕਾਰੀ ਨੂੰ ਅਜਿਹੇ ਸਮੇਂ ਵਿੱਚ ਸੇਵਾ ਪ੍ਰਦਾਨ ਕਰਨ ਲਈ ਹਦਾਇਤ ਕਰ ਸਕਦਾ ਹੈ, ਜੋ ਉਸ ਦੁਆਰਾ ਨਿਰਧਾਰਤ ਕੀਤੀ ਜਾਵੇ ਅਤੇ ਕੋਈ ਕੁਤਾਹੀ ਹੋਣ ਦੀ ਸੂਰਤ ਵਿੱਚ ਉਸ ਨੂੰ ਨਿੱਜੀ- ਰੂਪ ਵਿੱਚ ਉਸ ਅੱਗੇ ਪੇਸ਼ ਹੋਣ ਅਤੇ ਕਾਰਨ ਸਪੱਸ਼ਟ ਕਰਨ ਲਈ ਹਦਾਇਤ ਕਰ ਸਕਦਾ ਹੈ;

(3) ਨਾਮਜ਼ਦ ਅਧਿਕਾਰੀ ਅਤੇ ਪਾਤਰ ਵਿਅਕਤੀ ਨੂੰ ਸੁਣਵਾਈ ਦਾ ਮੌਕਾ ਦੇਣ ਤੋਂ ਬਾਅਦ ਪਹਿਲ ਅਪੀਲੀ ਅਥਾਰਟੀ ਅਪੀਲ ਮੰਜ਼ੂਰ ਕਰਨ ਜਾਂ ਰੱਦ ਕਰਨ ਦੇ ਹੁਕਮ ਲਿਖਤੀ ਰੂਪ ਵਿੱਚ ਜਾਰੀ ਕਰੇਗੀ ਅਤੇ ਰੱਦ ਕਰਨ ਦੀ ਸੂਰਤ ਵਿੱਚ ਰੱਦ ਕਰਨ ਦੇ ਕਾਰਨ ਅਜਿਹੇ ਹੁਕਮਾਂ ਵਿੱਚ ਸਪੱਸ਼ਟ ਕਰੇਗਾ ਅਤੇ ਪਾਤਰ ਵਿਅਕਤੀ ਨੂੰ ਸੂਚਿਤ ਕਰੇਗਾ;

(4) ਉਪ ਧਾਰਾ (1) ਅਧੀਨ ਕੀਤੀ ਗਈ ਅਪੀਲ, ਪਹਿਲੀ ਅਪੀਲ ਅਥਾਰਟੀ ਦੁਆਰਾ ਜਿਥੋਂ ਤੱਕ ਸੰਭਵ ਹੋ ਸਕੇ, ਇਸ ਦੀ ਪ੍ਰਾਪਤੀ ਤੋਂ ਤੀਹ

ਦਿਨਾਂ ਦੇ ਅੰਦਰ ਅੰਤਿਮ ਤੌਰ ਤੇ ਨਿਪਟਾਈ ਜਾਵੇਗੀ;

7. **ਦੂਜੀ ਅਪੀਲ (Second Appeal) :-**

(1) ਕੋਈ ਵੀ ਪਾਤਰ ਵਿਅਕਤੀ, ਜਿਸ ਦੀ ਸੇਵਾ ਪ੍ਰਾਪਤ ਕਰਨ ਦੀ ਅਪੀਲ ਰੱਦ ਕਰ ਦਿੱਤੀ ਗਈ ਹੈ ਜਾਂ ਜਿਸ ਨੂੰ ਧਾਰਾ 6 ਅਧੀਨ, ਪਹਿਲੀ ਅਪੀਲ ਅਥਾਰਟੀ ਦੁਆਰਾ ਨਿਰਧਾਰਿਤ ਸਮੇਂ ਦੇ ਅੰਦਰ ਅੰਦਰ ਸੇਵਾ ਪ੍ਰਦਾਨ ਨਹੀਂ ਕੀਤੀ ਗਈ, ਅਜਿਹੀ ਰੱਦ ਕਰਨ ਦੀ ਮਿਤੀ ਜਾਂ ਪਹਿਲੀ ਅਪੀਲ ਅਥਾਰਟੀ ਦੁਆਰਾ ਨਿਰਧਾਰਤ ਸਮਾਂ ਪੂਰਾ ਹੋਣ ਦੀ ਮਿਤੀ ਤੋਂ ਤੀਹ ਦਿਨਾਂ ਦੇ ਅੰਦਰ, ਦੂਜੀ ਅਪੀਲ ਅਥਾਰਟੀ ਪਾਸ ਅਪੀਲ ਦਾਇਰ ਕਰ ਸਕਦਾ ਹੈ;

(2) ਉਪ ਧਾਰਾ (1) ਅਧੀਨ ਅਪੀਲ ਪ੍ਰਾਪਤ ਹੋਣ ਤੇ , ਦੂਜੀ ਅਪੀਲ ਅਥਾਰਟੀ, ਹੁਕਮਾਂ ਰਾਹੀਂ ਜਾਂ ਤਾਂ ਨਾਮਜ਼ਦ ਅਧਿਕਾਰੀ ਨੂੰ ਅਜਿਹੇ ਸਮੇਂ ਵਿੱਚ ਸੇਵਾ ਪ੍ਰਦਾਨ ਕਰਨ ਲਈ ਨਿਰਦੇਸ਼ ਦੇ ਸਕਦਾ ਹੈ, ਜੋਂ ਉਸ ਦੁਆਰਾ ਨਿਰਧਾਰਤ ਕੀਤਾ ਜਾਵੇ ਜਾਂ ਇਸ ਨੂੰ ਰੱਦ ਕਰਨ ਦੇ ਕਾਰਨ ਵਿਸਥਾਰ ਸਹਿਤ ਦਰਸਾਉਂਦੇ ਹੋਏ ਰੱਦ ਕਰ ਸਕਦਾ ਹੈ:

ਪਰ ਸ਼ਰਤ ਇਹ ਹੈ ਕਿ ਅਪੀਲ ਰੱਦ ਕਰਨ ਤੋਂ ਪਹਿਲਾਂ ਦੂਜੀ ਅਪੀਲ ਅਥਾਰਟੀ ਦੁਆਰਾ ਪਾਤਰ ਵਿਅਕਤੀ ਨੂੰ ਸੁਣਵਾਈ ਦਾ ਪੂਰਾ ਮੌਕਾ ਦਿੱਤਾ ਜਾਵੇਗਾ;

ਅੱਗੇ ਸ਼ਰਤ ਇਹ ਹੈ ਕਿ ਦੂਜੀ ਅਪੀਲ ਅਥਾਰਟੀ ਦੁਆਰਾ ਇਸ ਧਾਰਾ ਅਧੀਨ ਕੀਤੇ ਗਏ ਹੁਕਮ ਪਾਤਰ ਵਿਅਕਤੀ ਨੂੰ ਸੂਚਿਤ ਕੀਤੇ ਜਾਣਗੇ;

ਅੱਗੇ ਹੋਰ ਸ਼ਰਤ ਇਹ ਹੈ ਕਿ, ਉਪ ਧਾਰਾ (1) ਅਧੀਨ ਕੀਤੀ ਗਈ ਅਪੀਲ ਦੂਜੀ ਅਪੀਲ ਅਥਾਰਟੀ ਦੁਆਰਾ, ਜਿਥੋਂ ਤੱਕ ਸੰਭਵ ਹੋਵੇ, ਅਪੀਲ ਪ੍ਰਾਪਤ ਹੋਣ ਦੀ ਮਿਤੀ ਤੋਂ ਸੱਠ ਦਿਨਾਂ ਦੇ ਅੰਦਰ ਨਿਪਟਾਰਾ ਕਿਤਾ ਜਾਵੇਗਾ।

8. **ਸੰਮਨ ਜਾਰੀ ਕਰਨ ਅਤੇ ਨਿਰੀਖਣ ਕਰਨ ਦੇ ਅਧਿਕਾਰ (Power to Summon and Inspection) :-**

ਇਸ ਐਕਟ ਦੇ ਉਪਬੰਧਾਂ ਅਧੀਨ, ਅਪੀਲ ਦਾ ਫ਼ੈਸਲਾ ਕਰਦੇ ਸਮੇਂ ਪਹਿਲੀ ਅਪੀਲ ਅਥਾਰਟੀ ਅਤੇ ਦੂਜੀ ਅਪੀਲ ਅਥਾਰਟੀ ਨੂੰ ਉਹੀ ਸ਼ਕਤੀਆਂ ਪ੍ਰਦਾਨ ਹਨ ਜੋ ਸਿਵਲ ਅਦਾਲਤਾਂ ਨੂੰ ਸਿਵਲ ਪ੍ਰੋਸੀਜਰ ਕੋਡ 1908 (1908 ਦਾ 5) ਦੇ ਅਧੀਨ ਹੇਠ ਦਿੱਤੇ ਮਾਮਲਿਆਂ ਵਿੱਚ ਹਾਸਿਲ ਹਨ :-

ਏ) ਦਸਤਾਵੇਜ਼ਾਂ ਦਾ ਨਰੀਖਣ ਅਤੇ ਪੇਸ਼ ਕਰਨਾ;

ਬੀ) ਨਾਮਜ਼ਦ ਅਧਿਕਾਰੀ ਅਤੇ ਅਪੀਲ ਕਰਤਾ ਨੂੰ ਸੁਣਵਾਈ ਲਈ ਸੰਮਨ ਜਾਰੀ ਕਰਨਾ; ਅਤੇ

ਸੀ) ਕੋਈ ਹੋਰ ਮਾਮਲਾ ਜੋ ਨਿਰਧਾਰਿਤ ਕੀਤਾ ਗਿਆ ਹੋਵੇ।

9. ਜੁਰਮਾਨਾ (Penalty) :-

1(ਏ) ਜਿਥੇ ਦੂਜੀ ਅਪੀਲ ਅਥਾਰਟੀ ਦੀ ਰਾਏ ਵਿੱਚ ਨਾਮਜ਼ਦ ਅਧਿਕਾਰੀ ਅਤੇ / ਜਾਂ ਪ੍ਰੀਕ੍ਰਿਆ ਨਾਲ ਸਬੰਧਤ ਕੋਈ ਹੋਰ ਕਰਮਚਾਰੀ ਬਿਨ੍ਹਾਂ ਕਿਸੇ ਠੋਸ ਅਤੇ ਵਾਜਿਬ ਕਾਰਨਾਂ ਕਰਕੇ ਸੇਵਾ ਪ੍ਰਦਾਨ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਉਹ ਨਾਮਜ਼ਦ ਅਧਿਕਾਰੀ ਅਤੇ / ਜਾਂ ਕੋਈ ਹੋਰ ਕਰਮਚਾਰੀ ਅਜਿਹੀ ਸੇਵਾ ਮੁਹੱਇਆ ਕਰਵਾਉਣ ਦੀ ਪ੍ਰੀਕ੍ਰਿਆ ਵਿਚ ਸ਼ਾਮਲ ਹੈ ਨੂੰ ਯਕ- ਮੁਸ਼ਤ ਜੁਰਮਾਨਾ ਕਰ ਸਕਦਾ ਹੈ ਜੋ ਪੰਜ ਸੋ (500/-) ਰੁਪਏ ਤੋਂ ਘੱਟ ਨਾ ਹੋਵੇ ਅਤੇ ਪੰਜ ਹਜ਼ਾਰ ਰੁਪਏ ਤੋਂ ਵੱਧ ਨਾ ਹੋਵੇ;

(ਬੀ) ਜਿੱਥੇ ਦੂਜੀ ਅਪੀਲ ਅਥਾਰਟੀ ਦੀ ਰਾਏ ਇਹ ਹੋਵੇ ਕਿ ਨਾਮਜ਼ਦ ਅਧਿਕਾਰੀ ਅਤੇ / ਜਾਂ ਪ੍ਰੀਕ੍ਰਿਆ ਨਾਲ ਸਬੰਧਤ ਜਾਂ ਅਜਿਹੀ ਸੇਵਾ ਪ੍ਰਦਾਨ ਕਰਨ ਵਾਲੇ ਕਿਸੇ ਹੋਰ ਕਰਮਚਾਰੀ ਦੁਆਰਾ ਸੇਵਾ ਪ੍ਰਦਾਨ ਕਰਨ ਵਿੱਚ ਬੇਲੋੜੀ ਦੇਰੀ ਕੀਤੀ ਗਈ ਹੈ ਤਾਂ ਇਹ ਅਜਿਹੀ ਦੇਰੀ ਲਈ ਢਾਈ ਸੌ ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ, ਨਾਮਜ਼ਦ ਅਧਿਕਾਰੀ ਅਤੇ / ਜਾਂ ਪ੍ਰੀਕ੍ਰਿਆ ਨਾਲ ਸਬੰਧਤ ਜਾਂ ਸੇਵਾ ਪ੍ਰਦਾਨ ਕਰਨ ਵਾਲੇ ਕਿਸੇ ਹੋਰ ਕਰਮਚਾਰੀ ਨੂੰ ਜੁਰਮਾਨਾ ਲਗਾ ਸਕਦਾ ਹੈ ਜੋ ਕਿ 5 ਹਜ਼ਾਰ ਰੁਪਏ ਤੋਂ ਵੱਧ ਨਹੀਂ ਹੋਵੇਗਾ;

ਪਰੰਤੂ ਸ਼ਰਤ ਇਹ ਹੈ ਕਿ ਨਾਮਜ਼ਦ ਅਧਿਕਾਰੀ ਅਤੇ / ਜਾਂ ਪ੍ਰੀਕ੍ਰਿਆ ਨਾਲ ਸਬੰਧਤ ਸੇਵਾ ਪ੍ਰਦਾਨ ਕਰਨ ਵਾਲੇ ਕਿਸੇ ਹੋਰ ਕਰਮਚਾਰੀ ਨੂੰ ਉਪ ਧਾਰਾ (a) ਅਤੇ (b) ਅਧੀਨ ਕੋਈ ਜੁਰਮਾਨਾ ਕਰਣ ਤੋਂ ਪਹਿਲਾਂ ਸੁਣਵਾਈ ਦਾ ਵਾਜਿਬ ਮੌਕਾ ਦਿੱਤਾ ਜਾਵੇਗਾ;

(2) ਦੂਜੀ ਅਪੀਲ ਅਥਾਰਟੀ, ਹੁਕਮਾਂ ਦੁਆਰਾ, ਉਪ ਧਾਰਾ (1) ਅਧੀਨ ਲਗਾਈ ਗਈ ਜੁਰਮਾਨੇ ਦੀ ਰਕਮ ਵਿੱਚੋਂ ਅਜਿਹੀ ਰਾਸ਼ੀ, ਜੋ ਉਸ ਦੁਆਰਾ ਨਿਸ਼ਚਿਤ ਕੀਤੀ ਜਾਵੇਗੀ ਜੋ ਕੁੱਲ ਲਗਾਈ ਗਈ ਜੁਰਮਾਨੇ ਦੀ ਰਕਮ ਤੋਂ ਵੱਧ ਨਹੀਂ ਹੋਵੇਗੀ, ਅਪੀਲ ਕਰਤਾ ਨੂੰ ਮੁਆਵਜ਼ੇ ਵਜੋ ਦੇ ਸਕਦੀ ਹੈ;

(3) ਦੂਜੀ ਅਪੀਲ ਅਥਾਰਟੀ, ਜੇਕਰ ਇਸ ਗੱਲ ਤੋਂ ਸੰਤੁਸ਼ਟ ਹੋਵੇ, ਕਿ ਨਾਮਜ਼ਦ ਅਧਿਕਾਰੀ ਅਤੇ / ਜਾਂ ਪ੍ਰੀਕ੍ਰਿਆ ਨਾਲ ਸਬੰਧਤ ਜਾਂ ਸੇਵਾ ਪ੍ਰਦਾਨ ਕਰਨ ਵਾਲਾ ਕੋਈ ਹੋਰ ਕਰਮਚਾਰੀ ਦੁਆਰਾ ਇਸ ਕਾਨੂੰਨ ਅਧੀਨ ਦਿੱਤੀਆ ਗਈਆਂ ਆਪਣੀਆਂ ਜਿੰਮੇਵਾਰੀਆਂ ਨਿਭਾਉਣ ਵਿੱਚ ਬਿਨਾਂ ਕਿਸੇ ਠੋਸ ਵਾਜਿਬ ਕਾਰਨਾਂ ਕਰਕੇ ਕੁਤਾਹੀ ਕੀਤੀ ਹੈ ਲਾਗੂ ਸੇਵਾ ਨਿਯਮਾਂ ਅਧੀਨ, ਦੋਸ਼ੀਆਂ ਵਿਰੁੱਧ ਉਪ ਧਾਰਾ (1) ਅਧੀਨ ਲਗਾਏ ਜੁਰਮਾਨੇ ਤੋਂ ਇਲਾਵਾ ਅਨੁਸ਼ਾਸ਼ਨੀ ਕਾਰਵਾਈ ਕਰਨ ਦੀ ਸ਼ਿਫ਼ਾਰਿਸ਼ ਕਰ ਸਕਦੀ ਹੈ।

**10. ਰਵੀਜ਼ਨ (Revision) :-**

ਕੋਈ ਵਿਅਕਤੀ ਜੋ ਦੂਜੀ ਅਪੀਲ ਅਥਾਰਟੀ ਦੇ ਕਿਸੇ ਹੁਕਮਾਂ ਨਾਲ ਸੰਤੁਸ਼ਟ ਨਹੀਂ ਹੈ, ਕਮਿਸ਼ਨ ਪਾਸ ਜਾਂ ਇਸ ਦੁਆਰਾ ਨੋਮੀਨੇਟਿਡ ਅਧਿਕਾਰੀ ਪਾਸ ਧਾਰਾ 12 ਦੀ ਉਪ ਧਾਰਾ (1) ਅਧੀਨ ਅਜਿਹੇ ਹੁਕਮਾਂ ਦੀ ਮਿਤੀ ਤੋਂ ਸਠ ਦਿਨਾਂ ਦੇ ਅੰਦਰ ਅੰਦਰ ਰਵੀਜ਼ਨ ਲਈ ਬੇਨਤੀ ਕਰ ਸਕਦਾ ਹੈ, ਜਿਸ ਦਾ ਨਿਪਟਾਰਾ ਨਿਰਧਾਰਿਤ ਢੰਗ ਨਾਲ ਕੀਤਾ ਜਾਵੇਗਾ;

ਪਰੰਤੂ ਸ਼ਰਤ ਇਹ ਹੈ ਕਿ ਕਮਿਸ਼ਨ ਜਾਂ ਨੋਮੀਨੇਟੀਡ ਅਧਿਕਾਰੀ ਜੋ ਵੀ ਹੋਵੇ, ਉਪਰੋਕਤ ਸਠ ਦਿਨਾਂ ਦਾ ਸਮਾਂ ਪੂਰਾ ਹੋਣ ਉਪਰੰਤ ਵੀ ਪ੍ਰਤੀ -ਬੇਨਤੀ ਤੇ ਵਿਚਾਰ ਕਰ ਸਕਦਾ ਹੈ ਜੇਕਰ ਉਸ ਦੀ ਇਸ ਗੱਲ ਤੋਂ ਤਸੱਲੀ ਹੋ ਜਾਵੇ ਕਿ ਯੋਗ ਕਾਰਨਾਂ ਕਰਕੇ ਪ੍ਰਤੀਬੇਨਤੀ ਸਮੇਂ ਸਿਰ ਪੇਸ਼ ਨਹੀਂ ਕੀਤੀ ਜਾ ਸਕਦੀ ਸੀ।

**11. ਸੇਵਾ ਅਤੇ ਨਿਰਧਾਰਤ ਸਮੇਂ ਨੂੰ ਡਿਸਪਲੇ (Display of service and the given time limit) :-**

ਸੇਵਾਵਾਂ ਅਤੇ ਨਿਰਧਾਰਿਤ ਸਮੇਂ ਦਾ ਸਥਾਨਕ ਤੌਰ ਤੇ ਅਤੇ ਵੈਬ-ਸਾਈਟ ਤੇ ਸਬੰਧਤ ਵਿਭਾਗ ਦੇ ਸਕੱਤਰ ਦੁਆਰਾ ਜਨਤਾ ਦੀ ਸੂਚਨਾਂ ਲਈ ਡਿਸਪਲੇ ਕੀਤਾ ਜਾਵੇਗਾ।

**12. ਕਮਿਸ਼ਨ ਦੀ ਬਣਤਰ (Constitution of the Commission) :-**

(1) ਜੇਕਰ ਰਾਜ ਸਰਕਾਰ ਦੀ ਰਾਏ ਵਿੱਚ ਅਜਿਹਾ ਕਰਨਾ ਜ਼ਰੂਰੀ ਜਾਂ ਉਚਿੱਤ ਹੋਵੇ, ਤਾਂ ਇਹ ਨੋਟੀਫਿਕੇਸ਼ਨ ਦੁਆਰਾ ਇਸ ਐਕਟ ਦੇ ਮੰਤਵ ਲਈ, ਇੱਕ ਕਮਿਸ਼ਨ ਦਾ ਗਠਨ ਕਰ ਸਕਦੀ ਹੈ ਜਿਸ ਨੂੰ ਪੰਜਾਬ ਸੇਵਾ ਦਾ ਅਧਿਕਾਰ ਕਮਿਸ਼ਨ ਕਿਹਾ ਜਾਵੇਗਾ, ਪਰੰਤੂ ਸ਼ਰਤ ਇਹ ਹੈ ਕਿ ਜਦੋਂ ਤੱਕ ਰਾਜ ਸਰਕਾਰ ਦੁਆਰਾ ਕਮਿਸ਼ਨ ਦਾ ਗਠਨ ਨਹੀਂ ਕੀਤਾ ਜਾਂਦਾ ਇਹ ਨੋਟੀਫਿਕੇਸ਼ਨ ਦੁਆਰਾ ਰਾਜ ਸਰਕਾਰ ਦੇ ਇੱਕ ਅਧਿਕਾਰੀ ਨੂੰ ਜੋ ਵਿੱਤੀ ਕਮਿਸ਼ਨਰ ਦੇ ਅਹੁੱਦੇ ਤੋਂ ਹੇਠ ਨਾ ਹੋਵੇ, ਇਸ ਐਕਟ ਅਧੀਨ ਕਮਿਸ਼ਨ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਅਤੇ ਅਧਿਕਾਰਾਂ ਦੀ ਵਰਤੋਂ ਕਰਨ ਲਈ ਨੋਮੀਨੇਟ ਕਰ ਸਕਦੀ ਹੈ;

(2) ਕਮਿਸ਼ਨ ਇੱਕ ਕਾਰਪੋਰੇਟ ਸੰਸਥਾ ਹੋਵੇਗਾ, ਜੋ ਉਪਰੋਕਤ ਨਾਮ ਨਾਲ ਜਾਣੀ ਜਾਵੇਗੀ, ਜਿਸ ਦਾ ਸਦੀਵੀ ਉਤਰਾ ਅਧਿਕਾਰ ਅਤੇ ਸਾਂਝੀ ਮੋਹਰ ਹੋਵੇਗੀ, ਇਸ ਐਕਟ ਦੇ ਉਪਬੰਧਾਂ ਦੀ ਸ਼ਰਤ ਤੇ ਸੰਪਤੀ, ਦੋਵੇ ਚੱਲ ਅਤੇ ਅਚੱਲ ਖਰੀਦਣ ਅਤੇ ਵੇਚਣ ਦੀਆਂ ਸ਼ਕਤੀਆਂ ਸਹਿਤ ਜਾਂ ਮੁਆਇਨਾ ਕਰਨ ਅਤੇ ਕਥਿੱਤ ਨਾਮ ਨਾਲ ਦਾਵਾ ਕਰਨ ਜਾਂ ਕਰਵਾਉਣ ਦੀਆਂ ਸ਼ਕਤੀਆਂ ਸਹਿਤ ਹੋਵੇਗਾ;

(3) ਕਮਿਸ਼ਨ ਦਾ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਜਾਂ ਅਜਿਹੀ ਥਾਂ ਤੇ ਜੋ ਰਾਜ ਸਰਕਾਰ ਦੁਆਰਾ ਸਮੇਂ-ਸਮੇਂ ਨੋਟੀਫਾਈ ਕੀਤੀ ਜਾਵੇਗੀ ਵਿਖੇ ਹੋਵੇਗਾ।

**13. ਕਮਿਸ਼ਨ ਦੀ ਰਚਨਾਂ (Composition of the Commision) :-**

(1) ਕਮਿਸ਼ਨ ਦਾ ਇੱਕ ਮੁੱਖ ਕਮਿਸ਼ਨਰ ਅਤੇ ਚਾਰ ਕਮਿਸ਼ਨਰ ਹੋਣਗੇ ਅਤੇ ਉਹਨਾਂ ਦਾ ਨਿਯੁਕਤੀ ਰਾਜ ਸਰਕਾਰ ਦੁਆਰਾ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੇ ਸਲਾਹ ਨਾਲ ਕੀਤੀ ਜਾਵੇਗੀ।

(2) ਮੁੱਖ ਕਮਿਸ਼ਨਰ ਪੰਜਾਬ ਰਾਜ ਦੇ ਮੁੱਖ ਸਕੱਤਰ ਜਾਂ ਭਾਰਤ ਸਰਕਾਰ ਦੇ ਸਕੱਤਰ ਦੇ ਦਰਜੇ ਅਤੇ ਅਹੁੱਦੇ ਦੇ ਬਰਾਬਰ ਦਾ ਸੇਵਾ ਨਿਵਿੱਰਤ ਅਧਿਕਾਰੀ ਹੋਵੇਗਾ।

(3) ਕਮਿਸ਼ਨਰ ਪੰਜਾਬ ਸਰਕਾਰ ਦਾ ਸਕੱਤਰ ਦਰਜੇ ਅਤੇ ਅਹੁੱਦੇ ਦੇ ਸੇਵਾ ਨਿਵਿਰਤ ਅਧਿਕਾਰੀ ਜਾਂ ਇਸ ਦੇ ਬਰਾਬਰ ਦੇ ਰੁੱਤਬੇ ਅਤੇ ਦਰਜੇ ਦਾ ਰਾਜ ਸਰਕਾਰ ਦੀਆਂ ਸੇਵਾਂਵਾਂ ਦਾ ਅਧਿਕਾਰੀ ਹੋਣਗੇ, ਜਿਸ ਵਿੱਚ, ਪੰਜਾਬ ਕਾਡਰ ਦੀਆ ਸਰਵ ਭਾਰਤੀ ਸੇਵਾਵਾਂ ਅਤੇ / ਜਾਂ ਲੋਕ ਪ੍ਰਸ਼ਾਸਨ ਜਾਂ ਈ-ਗਵਰਨੈਂਸ (e-governance) ਦੇ ਖੇਤਰ ਵਿੱਚ ਮਾਹਰ, ਜਿਸ ਪਾਸ ਪੜ੍ਹਾਉਣ ਜਾਂ ਪ੍ਰਸ਼ਾਸਨ ਦਾ ਘੱਟੋ-ਘੱਟ ਵੀਹ ਸਾਲ ਦਾ ਤਜ਼ਰਬਾ ਹੋਵੇ ਜਾਂ ਦੂਜੇ ਪ੍ਰਸਿੱਧ ਜਨਤਕ ਵਿਅਕਤੀਆਂ ਵਿੱਚੋ ਹੋਣਗੇ।

**14. ਮੁੱਖ ਕਮਿਸ਼ਨਰ ਦੀਆਂ ਸ਼ਕਤੀਆਂ (Powers of the Chief Commissioner) :-**

(1) ਮੁੱਖ ਕਮਿਸ਼ਨਰ ਪਾਸ ਕਮਿਸ਼ਨ ਦੇ ਕੰਮ ਕਾਜ ਮਾਮਲਿਆਂ ਸਬੰਧੀ ਆਮ ਨਿਗਰਾਨੀ ਅਤੇ ਨਿਰਦੇਸ਼ ਦੇਣ ਦੀਆਂ ਸ਼ਕਤੀਆਂ ਹੋਣਗੀਆਂ। ਮੁੱਖ ਕਮਿਸ਼ਨਰ, ਕਮਿਸ਼ਨ ਦੀਆਂ ਮੀਟਿੰਗਾ ਦੀ ਪ੍ਰਧਾਨਗੀ ਕਰੇਗਾ ਅਤੇ ਨਾਲ ਹੀ ਕਮਿਸ਼ਨ ਦੇ ਕੰਮ ਲਈ ਧਾਰਾ 17 ਦੀ ਉਪ ਧਾਰਾ (4) ਅਧੀਨ ਬਣਾਏ ਨਿਯਮਾਂ ਅਨੁਸਾਰ ਉਹ ਕੰਮਾਂ ਦਾ ਨਿਪਟਾਰਾ ਅਤੇ ਅਧਿਕਾਰਾਂ ਦੀ ਵਰਤੋਂ ਕਰੇਗਾ;

(2) ਮੁੱਖ ਕਮਿਸ਼ਨਰ ਦੀ ਗੈਰ-ਹਾਜ਼ਰੀ ਵਿੱਚ ਜਾਂ ਮੁੱਖ ਕਮਿਸ਼ਨਰ ਦੀ ਆਸਾਮੀ ਖਾਲੀ ਹੋਣ ਦੀ ਸੂਰਤ ਵਿੱਚ, ਰਾਜ ਸਰਕਾਰ, ਜਿਤਨੀ ਦੇਰ ਤੱਕ ਆਸਾਮੀ ਖਾਲੀ ਰਹਿੰਦੀ ਹੈ ਜਾਂ ਗੈਰ - ਹਾਜ਼ਰੀ ਜਾਰੀ ਰਹਿੰਦੀ ਹੈ, ਕਮਿਸ਼ਨਰਾਂ ਵਿੱਚੋਂ ਕਿਸੇ ਇੱਕ ਨੂੰ ਮੁੱਖ ਕਮਿਸ਼ਨਰ ਦੀਆ ਸ਼ਕਤੀਆਂ ਅਤੇ ਕੰਮਾਂ ਦੀ ਵਰਤੋਂ ਕਰਨ ਦੇ ਅਧਿਕਾਰ ਲਈ ਨਾਮਜ਼ਦ ਕਰ ਸਕਦੀ ਹੈ;

(3) ਉਪ ਨਿਯਮ (2) ਅਧੀਨ, ਮੁੱਖ ਕਮਿਸ਼ਨਰ ਦੀਆਂ ਸ਼ਕਤੀਆਂ ਅਤੇ ਕੰਮਾਂ ਦੀ ਵਰਤੋਂ ਕਰਨ ਵਾਲੇ ਕਮਿਸ਼ਨਰ ਨੂੰ ਬਤੌਰ ਕਮਿਸ਼ਨਰ ਮਿਲਣ ਵਾਲੀਆਂ ਸਹੂਲਤਾਂ ਤੋਂ ਇਲਾਵਾ ਹੋਰ ਮੁਆਵਜ਼ਾ, ਭੱਤੇ ਜਾਂ ਸਹੂਲਤਾਂ ਮਿਲਣ ਯੋਗ ਨਹੀਂ ਹੋਣਗੀਆਂ।

**15. ਮੁੱਖ ਕਮਿਸ਼ਨਰ ਅਤੇ ਕਮਿਸ਼ਨਰਾਂ ਦੀ ਦਫ਼ਤਰ ਦੀ ਮਿਆਦ ਅਤੇ ਸੇਵਾ ਦੀਆਂ ਸ਼ਰਤਾਂ (Term of Office and conditions of service of Chief Commissioner and Commissinoers) :-**

(1) ਮੁੱਖ ਕਮਿਸ਼ਨਰ ਅਤੇ ਕਮਿਸ਼ਨਰ, ਉਹਨਾਂ ਦੇ ਆਪੋ ਆਪਣੇ ਦਫ਼ਤਰ ਸੰਭਾਲਣ ਦੀ ਮਿਤੀ ਤੋਂ 5 ਸਾਲ ਦੇ ਸਮੇਂ ਲਈ ਜਾਂ ਜਦੋਂ ਤੱਕ ਉਹ 65 ਸਾਲ ਦੀ ਉਮਰ ਦੇ ਨਹੀਂ ਹੋ ਜਾਂਦੇ ਜੋ ਵੀ ਪਹਿਲਾਂ ਹੋਵੇ, ਤੱਕ ਅਹੁਦੇ ਤੇ ਰਹਿਣਗੇ ਅਤੇ ਉਹ ਮੁੜ ਨਿਯੁਕਤੀ ਲਈ ਹੱਕਦਾਰ ਨਹੀਂ ਹੋਣਗੇ;

(2) ਜੇਕਰ ਇੱਕ ਵਿਅਕਤੀ ਇਕ ਅਹੁੱਦੇ ਤੇ ਹੁੰਦਿਆਂ ਹੋਏ ਸੰਭਾਲਦੇ ਹੋਏ ਮੁੱਖ ਕਮਿਸ਼ਨਰ ਜਾਂ ਕਮਿਸ਼ਨਰ ਵਜੋਂ ਨਿਯੁੱਕਤ ਕੀਤਾ ਜਾਂਦਾ ਹੈ ਤਾਂ ਕਮਿਸ਼ਨ ਵਿਖੇਂ ਜੁਆਇਨ ਕਰਨ ਤੋਂ ਪਹਿਲਾਂ ਉਸ ਦਫ਼ਤਰ ਤੋਂ ਉਸ ਨੂੰ ਅਸਤੀਫ਼ਾ ਦੇਣਾ ਪਵੇਗਾ ਜਾਂ ਸੇਵਾ ਨਿਵਿੱਰਤੀ ਲੈਣੀ ਪਵੇਗੀ;

(3) ਮੁੱਖ ਕਮਿਸ਼ਨਰ ਜਾਂ ਇੱਕ ਕਮਿਸ਼ਨਰ ਨੂੰ ਆਪਣੇ ਦਫ਼ਤਰ ਨੂੰ ਸੰਭਾਲਣ ਤੋਂ ਪਹਿਲਾਂ ਰਾਜ ਪਾਲ ਜਾਂ ਉਸ ਦੁਆਰਾ ਨਿਯੁੱਕਤ ਹੋਰ ਕਿਸੇ ਵਿਅਕਤੀ ਅੱਗੇ ਸਾਰਣੀ ਵਿਚ ਦਿੱਤੇ ਨਿਰਧਾਰਿਤ ਫਾਰਮ ਅਨੁਸਾਰ, ਸਹੁੰ ਚੁੱਕਣੀ ਅਤੇ ਹਸਤਾਖਰ ਕਰਨੀ ਹੋਵੇਗੀ;

(4) ਮੁੱਖ ਕਮਿਸ਼ਨਰ ਜਾਂ ਕਮਿਸ਼ਨਰ, ਕਿਸੇ ਵੀ ਸਮੇਂ ਲਿਖਤੀ ਰੂਪ ਵਿਚ ਰਾਜ ਪਾਲ ਨੂੰ ਸੰਬੋਧਿਤ, ਆਪਣੇ ਦਫ਼ਤਰ ਤੋਂ ਅਸਤੀਫ਼ਾ ਦੇ ਸਕਦਾ ਹੈ। ਉਸ ਨੂੰ ਧਾਰਾ 16 ਅਧੀਨ ਉਪਬੰਧ ਅਨੁਸਾਰ ਅਹੁੱਦੇ ਤੋਂ ਹਟਾਇਆ ਵੀ ਜਾ ਸਕਦਾ ਹੈ;

(5) ਮੁੱਖ ਕਮਿਸ਼ਨਰ ਜਾਂ ਕਮਿਸ਼ਨਰ ਦੇ ਤਨਖ਼ਾਹ ਅਤੇ ਭੱਤਿਆਂ ਦੀ ਅਦਾਇਗੀ ਅਤੇ ਸੇਵਾ ਦੀਆਂ ਦੂਜੀਆਂ ਸ਼ਰਤਾਂ ਉਹੀ ਹੋਣਗੀਆਂ ਜੋ ਕ੍ਰਮਵਾਰ ਮੁੱਖ ਸੂਚਨਾਂ ਕਮਿਸ਼ਨਰ ਅਤੇ ਰਾਜ ਸੂਚਨਾਂ ਕਮਿਸ਼ਨਰਾਂ ਦੀਆਂ ਹੋਣਗੀਆਂ ਜਿਵੇਂ ਕਿ ਸੂਚਨਾ ਦਾ ਅਧਿਕਾਰ ਐਕਟ, 2005 ਦੀ ਧਾਰ੍ਹਾ 16 ਦੀ ਉਪ ਧਾਰਾ (5) ਵਿੱਚ ਦਰਸਾਈਆਂ ਗਈਆਂ ਹਨ। ਉਪਰੋਕਤ ਉਪ-ਧਾਰਾ ਦੇ ਸਾਰੇ ਉਪਬੰਧ, ਇਸ ਐਕਟ ਅਧੀਨ ਨਿਯੁਕਤ ਮੁੱਖ ਕਮਿਸ਼ਨਰ ਅਤੇ ਕਮਿਸ਼ਨਰ ਤੇ ਹੂ-ਬਹੂ ਲਾਗੂ ਹੋਣਗੇ;

(6) ਰਾਜ ਸਰਕਾਰ, ਅਜਿਹੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਕਮਿਸ਼ਨ ਨੂੰ ਮੁਹੱਇਆ ਕਰਵਾਏਗੀ ਜੋ ਇਸ ਐਕਟ ਅਧੀਨ ਕਮਿਸ਼ਨ ਦੀ ਕਾਰਜ-ਕੁਸ਼ਲਤਾ ਲਈ ਜ਼ਰੂਰੀ ਹੋਣ। ਇਸ ਤਰ੍ਹਾਂ ਤੈਨਾਤ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਤਨਖ਼ਾਹ, ਭੱਤੇ ਅਤੇ ਸੇਵਾ ਦੀਆਂ ਸ਼ਰਤਾਂ ਉਹੀ ਹੋਣਗੀਆਂ ਜੋ ਨਿਰਧਾਰਿਤ ਕੀਤੀਆਂ ਜਾਣਗੀਆਂ।

**16. ਵਿਸ਼ੇਸ਼ ਹਾਲਤਾਂ ਵਿੱਚ ਮੁੱਖ ਕਮਿਸ਼ਨਰ ਜਾਂ ਕਿਸੇ ਕਮਿਸ਼ਨਰ ਨੂੰ ਦਫਤਰ ਤੋਂ ਹਟਾਉਣਾ ਅਤੇ ਮੁਅੱਤਲ ਕਰਨਾ (Removal and suspension of the Chief Commissioner or a Commissioner from office in certain circumstances) :-**

(1) ਰਾਜ ਸਰਕਾਰ ਮੁੱਖ ਕਮਿਸ਼ਨਰ ਜਾਂ ਕਿਸੇ ਕਮਿਸ਼ਨਰ ਨੂੰ ਉਪ ਧਾਰਾ (2) ਵਿੱਚ ਦਿੱਤੇ ਉਪਬੰਧਾਂ ਦੀ ਪਾਲਣਾ ਕਰਨ ਤੋਂ ਬਾਅਦ ਹਟਾ ਸਕਦੀ ਹੈ, ਜੇਕਰ ਉਹ :-

i.) ਦੀਵਾਲੀਆ ਐਲਾਨਿਆ ਗਿਆ ਹੋਵੇ ; ਜਾਂ

ii.) ਅਜਿਹੇ ਗੁਨਾਹ ਦਾ ਦੋਸ਼ੀ ਪਾਇਆ ਜਾਵੇ ਜੋ ਰਾਜ ਸਰਕਾਰ ਦੀ ਰਾਏ ਵਿੱਚ ਨੈਤਿਕ ਪਤਨ ਦਾ ਹੋਵੇ ; ਜਾਂ

iii.) ਸ਼ਰੀਰਕ ਜਾਂ ਮਾਨਸਿਕ ਤੌਰ ਤੇ ਅਯੋਗ ਹੋ ਜਾਵੇ; ਜਾਂ

iv.) ਅਜਿਹਾ ਵਿੱਤੀ ਜਾਂ ਹੋਰ ਦਿਲਚਸਪੀ ਰਖਦਾ ਹੋਵੇ ਜੋ ਕਿ ਕਥਿੱਤ ਹੈਸੀਅਤ ਵਿੱਚ ਉਸ ਦੇ ਕੰਮਾਂ ਦੇ ਪ੍ਰਤੀਕੂਲ ਪ੍ਰਭਾਵੀ ਹੋਵੇ।

v.) ਆਪਣੇ ਅਹੁੱਦੇ ਦੀ ਕੁਵਰਤੋਂ ਇਸ ਤਰ੍ਹਾਂ ਕਰਦਾ ਹੋਵੇ ਜਿਸ ਨਾਲ ਉਸ ਦਾ ਦਫ਼ਤਰ ਵਿੱਚ ਲਗਾਤਾਰ ਬਣੇ ਰਹਿਣਾ ਲੋਕ ਹਿੱਤ ਵਿਚ ਨਾ ਹੋਵੇ।

(2) ਉਪ ਧਾਰਾ (1) ਵਿੱਚ ਕੁੱਝ ਵੀ ਹੁੰਦੇ ਹੋਏ, ਮੁੱਖ ਕਮਿਸ਼ਨਰ ਜਾਂ ਕਿਸੇ ਕਮਿਸ਼ਨਰ ਨੂੰ ਉਸ ਦੇ ਅਹੁੱਦੇ ਤੋਂ ਨਹੀਂ ਹਟਾਇਆ ਜਾਵੇਗਾ ਜਦੋਂ ਤੱਕ ਕਿ :-

i.) ਰਾਜ ਸਰਕਾਰ ਦੁਆਰਾ ਚੀਫ ਜਸਟਿਸ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ, ਮੁੱਖ ਕਮਿਸ਼ਨਰ ਜਾਂ ਕਮਿਸ਼ਨਰ ਨੂੰ ਹਟਾਉਣ ਦੀ ਤਜ਼ਵੀਜ਼, ਹਟਾਉਣ ਦੇ ਆਧਾਰ ਲਈ ਸਪੋਰਟਿਗ ਮਾਟੀਰੀਅਲ ਸਹਿਤ ਪੜਤਾਲ ਕਰਨ ਅਤੇ ਸਿਫ਼ਾਰਸ਼ ਕਰਨ ਲਈ ਹਵਾਲਾ ਨਹੀਂ ਕੀਤਾ ਜਾਂਦਾ;

ii.) ਹਵਾਲੇ ਦੀ ਪੜਤਾਲ, ਜਰੂਰੀ ਤੌਰ ਤੇ ਪੜਤਾਲੀਆ ਕਮੇਟੀ ਦੁਆਰਾ ਜਿਸ ਦਾ ਮੁੱਖੀ ਹਾਈ ਕੋਰਟ ਦੇ ਮੋਜੂਦਾ ਜਾਂ ਸੇਵਾ ਨਿਵਿੱਰਤ ਜੱਜ ਜਾਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਦੁਆਰਾ ਨਿਯੁੱਕਤ ਕਿਸੇ ਹੋਰ ਵਿਅਕਤੀ ਦੁਆਰਾ ਕੀਤੀ ਗਈ ਹੋਵੇ

iii.) ਪੜਤਾਲੀਆ ਕਮੇਟੀ ਇਹ ਸਿਫ਼ਾਰਸ਼ ਨਹੀਂ ਕਰਦੀ ਕਿ ਮੁੱਖ ਕਮਿਸ਼ਨਰ ਜਾਂ ਕਮਿਸ਼ਨਰ, ਅਜਿਹੇ ਆਧਾਰ ਜਾਂ ਆਧਾਰਾਂ ਤੇ ਹਟਾਏ ਜਾਣ ਦਾ ਭਾਗੀ ਹੈ।

(3) ਰਾਜ ਸਰਕਾਰ ਮੁੱਖ ਕਮਿਸ਼ਨਰ ਜਾਂ ਕਮਿਸ਼ਨਰ, ਨੂੰ ਮੁਅੱਤਲ ਕਰ ਜਿਸ ਦੇ ਸਬੰਧ ਵਿਚ ਉਪ-ਧਾਰਾ (2) ਅਧੀਨ ਚੀਫ ਜਸਟਿਸ ਦਾ ਹਵਾਲਾ ਕੀਤਾ ਗਿਆ ਹੈ ਨੂੰ ਮੁਅੱਤਲ ਕਰ ਸਕਦੀ ਹੈ।

**17. ਪੰਜਾਬ ਸੇਵਾ ਦਾ ਅਧਿਕਾਰ ਕਮਿਸ਼ਨ ਦੀਆਂ ਸ਼ਕਤੀਆਂ ਅਤੇ ਕੰਮ (Powers and functions of the Punjab Right to Service Commision) :-**

(1) ਕਮਿਸ਼ਨ ਦੀ ਇਹ ਜ਼ਿੰਮੇਵਾਰੀ ਹੋਵੇਗੀ ਕਿ ਇਸ ਐਕਟ ਨੂੰ ਲਾਗੂ ਕਰਨਾ ਯਕੀਨੀ ਬਣਾਏ ਅਤੇ ਰਾਜ ਸਰਕਾਰ ਨੂੰ ਅਜਿਹੀਆਂ ਸਿਫ਼ਾਰਸ਼ਾਂ ਕਰੇ ਜਿਸ ਨਾਲ ਸੇਵਾਵਾਂ ਹੋਰ ਬਿਹਤਰ ਢੰਗ ਨਾਲ ਦਿੱਤੀਆਂ ਜਾ ਸਕਣ। ਇਸ ਮੰਤਵ ਲਈ ਕਮਿਸ਼ਨ :-

ਏ) ਧਾਰਾ 10 ਅਧੀਨ ਰਵੀਜ਼ਨ ਦੀ ਸੁਣਵਾਈ ਅਤੇ ਨਿਪਟਾਰਾ ਕਰਨਾ;

ਬੀ) ਇਸ ਐਕਟ ਅਨੁਸਾਰ ਸੇਵਾਵਾਂ ਦੇਣ ਵਿੱਚ ਹੋਈ ਕੁਤਾਹੀ ਦਾ ਸਿੱਧੇ ਤੌਰ ਤੇ ਨੋਟਿਸ ਲੈਣਾ ਅਤੇ ਅਜਿਹੇ ਕੇਸਾਂ ਨੂੰ ਨਿਪਟਾਰੇ ਲਈ ਪਹਿਲੀ ਅਪੀਲ ਅਥਾਰਟੀ ਜਾਂ ਦੂਜੀ ਅਪੀਲ ਅਥਾਰਟੀ ਨੂੰ ਭੇਜਣਾ ਜਾਂ ਆਪਣੇ ਆਪ ਹੁਕਮ ਜਾਰੀ ਕਰਨਾ, ਜਿਵੇਂ ਵੀ ਉਚਿੱਤ ਹੋਵੇ;

ਸੀ) ਸੇਵਾਵਾਂ ਮੁਹੱਇਆ ਕਰਾਉਣ ਵਾਲੇ ਸਥਾਪਿਤ ਦਫ਼ਤਰਾਂ ਅਤੇ ਪਹਿਲੀ ਅਪੀਲ ਅਥਾਰਟੀ ਅਤੇ ਦੂਜੀ ਅਪੀਲ ਅਥਾਰਟੀ ਦੇ ਦਫ਼ਤਰਾਂ ਦਾ ਨਿਰੀਖਣ ਕਰਨਾ;

ਡੀ) ਉਹਨਾਂ ਰਾਜ ਸਰਕਾਰ ਦੇ ਅਧਿਕਾਰੀਆਂ ਜਾਂ ਕਰਮਚਾਰੀਆਂ ਜੋ ਇਸ ਐਕਟ ਅਧੀਨ ਕੰਮ - ਕਾਜ ਕਰਨ ਵਿੱਚ ਅਸਫਲ ਰਹਿੰਦੇ ਹਨ, ਵਿਰੁੱਧ ਵਿਭਾਗੀ ਕਾਰਵਾਈ ਕਰਨ ਲਈ ਸਿਫ਼ਾਰਸ਼ ਕਰਨਾ;

ਈ) ਸੇਵਾਵਾਂ ਦੇਣ ਦੀ ਕਾਰਜ-ਵਿਧੀ ਵਿੱਚ ਤਬਦੀਲੀ ਦੀ ਸਿਫ਼ਾਰਸ਼ ਕਰਨਾ ਜਿਸ ਨਾਲ ਸੇਵਾਵਾਂ ਦੇਣ ਵਿੱਚ ਪਾਰਦਰਸ਼ਤਾ ਆਵੇ ਅਤੇ

ਆਸਾਨੀ ਹੋਵੇ;

ਪਰ ਸ਼ਰਤ ਇਹ ਹੈ ਕਿ ਅਜਿਹੀ ਸ਼ਿਫ਼ਾਰਸ਼ ਕਰਨ ਤੋਂ ਪਹਿਲਾਂ ਕਮਿਸ਼ਨ, ਸੇਵਾਵਾਂ ਦੇਣ ਵਾਲੇ ਵਿਭਾਗ ਦੇ ਇੰਚਾਰਜ਼ ਪ੍ਰਬੰਧਕੀ ਸਕੱਤਰ ਨਾਲ ਸਲਾਹ ਮਸ਼ਵਰਾ ਕਰੇਗਾ;

ਐਫ) ਕਾਨੂੰਨ ਨੂੰ ਬਿਹਤਰ ਢੰਗ ਨਾਲ ਲਾਗੂ ਕਰਨ ਲਈ ਹੋਰ ਨੋਟੀਫੀਕੇਸ਼ਨਾਂ ਜੋ ਧਾਰਾ 3 ਅਧੀਨ ਜਾਰੀ ਕੀਤੀਆਂ ਜਾਣੀਆਂ ਹਨ, ਦੀ ਸਿਫ਼ਾਰਸ਼ ਕਰਨੀ ਅਤੇ ਪਹਿਲਾਂ ਜਾਰੀ ਕੀਤੀਆਂ ਨੋਟੀਫੀਕੇਸ਼ਨਾਂ ਵਿੱਚ ਸੋਧ ਲਈ ਸੁਝਾਅ ਦੇਣਾ ; ਅਤੇ

ਜੀ) ਨਾਮਜ਼ਦ ਅਧਿਕਾਰੀ, ਪਹਿਲੀ ਅਪੀਲ ਅਥਾਰਟੀ, ਦੂਜੀ ਅਪੀਲ ਅਥਾਰਟੀ ਦੀ ਅਗਵਾਹੀ ਲਈ ਆਮ ਹਦਾਇਤਾਂ ਜਾਰੀ ਕਰਨਾ ਜੋ ਐਕਟ ਦੀਆਂ ਧਰਾਵਾਂ ਦੇ ਉਲਟ ਨਾਂ ਹੋਣ।

(2) ਜਿਥੇ ਕਮਿਸ਼ਨ ਦੀ ਇਸ ਗੱਲ ਤੇ ਤਸੱਲੀ ਹੋਵੇ ਕਿ ਕਿਸੇ ਮਾਮਲੇ ਵਿਚ ਜੋ ਇਸ ਕਾਨੂੰਨ ਦੇ ਉਪਬੰਧਾਂ ਅਧੀਨ ਪੜਤਾਲ ਕਰਨ ਲਈ ਯੋਗ ਕਾਰਨ ਹਨ, ਸਿੱਧੇ ਤੌਰ ਤੇ ਅਜਿਹੇ ਮਾਮਲੇ ਦੀ ਪੜਤਾਲ ਅਰੰਭ ਕਰ ਸਕਦਾ ਹੈ।

(3) ਕਮਿਸ਼ਨ ਪਾਸ ਅਜਿਹੇ ਮਾਮਲੇ ਦੀ ਪੜਤਾਲ ਕਰਦੇ ਸਮੇਂ ਉਹੀ ਅਧਿਕਾਰ ਹੋਣਗੇ ਜੋ ਸਿਵਲ ਅਦਾਲਤਾਂ ਨੂੰ ਸਿਵਲ ਪ੍ਰੋਸੀਜ਼ਰ ਕੋਡ 1908 ਦੇ ਅਧੀਨ ਹੇਠ ਦਿੱਤੇ ਮਾਮਲਿਆਂ ਵਿੱਚ ਦਾਵਾ ਵਿਚਾਰਨ ਸਮੇਂ ਹਾਸਿਲ ਹਨ; ਜਿਵੇਂ ਕਿ :-

ਏ) ਕਿਸੇ ਵਿਅਕਤੀ ਨੂੰ ਬੁਲਾਉਣਾ ਅਤੇ ਹਾਜ਼ਰ ਹੋਣ ਲਈ ਦਬਾਅ ਪਾਉਣਾ, ਅਤੇ ਉਸ ਨੂੰ ਲਿਖਤੀ ਜਾਂ ਸਹੁੰ ਦੇ ਆਧਾਰ ਤੇ ਸਬੂਤ ਦੇਣਾ, ਅਤੇ ਦਸਤਾਵੇਜਾਂ ਅਤੇ ਹੋਰ ਵਸਤੂਆਂ ਪੇਸ਼ ਕਰਨਾ ;

ਬੀ) ਦਸਤਾਵੇਜ਼ ਦੀ ਲੋੜੀਂਦੀਂ ਖੋਜ ਅਤੇ ਪੜਤਾਲ ਕਰਨਾ;

ਸੀ) ਹਲਫ਼ੀਆ ਬਿਆਨ ਰਾਹੀਂ ਸਬੂਤ ਪ੍ਰਾਪਤ ਕਰਨਾ;

ਡੀ) ਕਿਸੇ ਦਫ਼ਤਰ ਜਾਂ ਅਦਾਲਤ ਤੋਂ ਸਰਕਾਰੀ ਰਿਕਾਰਡ ਜਾਂ ਉਸ ਦੀਆਂ ਕਾਪੀਆਂ ਮੰਗਵਾਉਣਾ;

ਈ) ਗਵਾਹਾਂ ਜਾਂ ਦਸਤਾਵੇਜ਼ਾਂ ਦੀ ਜਾਂਚ ਲਈ ਸੰਮਨ ਜਾਰੀ ਕਰਨਾ; ਅਤੇ

ਐਫ) ਹੋਰ ਕੋਈ ਮਾਮਲਾ ਜੋ ਨਿਰਧਾਰਿਤ ਕੀਤਾ ਗਿਆ ਹੋਵੇ;

(4) ਕਮਿਸ਼ਨ ਆਪਣੇ ਕੰਮ-ਕਾਜ ਨੂੰ ਚਲਾਉਣ ਲਈ ਅਤੇ ਹੋਰ ਅਜਿਹੇ ਮਾਮਲਿਆਂ ਪ੍ਰਤੀ ਆਪਣੇ ਨਿਯਮ ਇਸ ਤਰ੍ਹਾਂ ਬਣਾ ਸਕਦਾ ਹੈ ਜਿਵੇਂ ਕਿ ਕਮਿਸ਼ਨ ਠੀਕ ਸਮਝੇ;

## 18. ਕਮਿਸ਼ਨ ਦੀਆਂ ਸ਼ਿਫ਼ਾਰਸ਼ਾਂ ਤੇ ਸਰਕਾਰ ਦੁਆਰਾ ਕਾਰਵਾਈ (Action by the Government on recommendations of the Commission) :-

(1) ਰਾਜ ਸਰਕਾਰ ਕਮਿਸ਼ਨ ਦੁਆਰਾ ਧਾਰ੍ਹਾ 17 ਦੀਆਂ ਉਪ-ਧਾਰਾ (1) ਦੇ ਖੰਡ (ਡੀ), (ਈ) ਅਤੇ (ਐਫ) ਅਧੀਨ ਦਿਤੀਆਂ ਸਿਫ਼ਾਰਸ਼ਾਂ ਤੇ ਵਿਚਾਰ ਕਰੇਗੀ ਅਤੇ ਕਮਿਸ਼ਨ ਨੂੰ ਕੀਤੀ ਗਈ ਕਾਰਵਾਈ ਸਬੰਧੀ ਤੀਹ ਦਿਨਾਂ ਅੰਦਰ ਜਾਂ ਅਜਿਹੇ ਵਾਧੂ ਸਮੇਂ ਵਿੱਚ ਜੋ ਕਮਿਸ਼ਨ ਨਾਲ ਸਲਾਹ ਮਸ਼ਵਰਾ ਕਰਕੇ ਨਿਰਧਾਰਤ ਕੀਤਾ ਜਾਵੇ, ਸੂਚਨਾ ਭੇਜੇਗੀ। ਜਿਸ ਕੇਸ ਵਿੱਚ ਸਰਕਾਰ ਨੇ ਕਮਿਸ਼ਨ ਦੀ ਕਿਸੇ ਸ਼ਿਫਾਰਸ ਨੂੰ ਲਾਗੂ ਨਾ ਕਰਨ ਦਾ ਫੈਸਲਾ ਕੀਤਾ ਹੋਵੇ, ਇਹ ਕਮਿਸ਼ਨ ਦੀਆਂ ਸਿਫ਼ਾਰਸਾਂ ਤੇ ਕਾਰਵਾਈ ਨਾ ਕਰਨ ਦੇ ਕਾਰਨ ਸੂਚਿਤ ਕਰੇਗੀ।

(2) ਕਮਿਸ਼ਨ ਧਾਰਾ 17 ਅਧੀਨ ਇਸ ਵਲੋਂ ਕੀਤੀਆਂ ਸ਼ਿਫ਼ਾਰਸ਼ਾਂ, ਇਸ ਤੇ ਕੀਤੀ ਕਾਰਵਾਈ ਅਤੇ ਕਾਰਵਾਈ ਨਾ ਕਰਨ ਦੇ ਕਾਰਨਾਂ, ਜੇਕਰ ਕੋਈ ਹੋਣ ਤੇ ਇੱਕ ਸਾਲਾਨਾ ਰਿਪੋਰਟ ਤਿਆਰ ਕਰੇਗੀ। ਰਾਜ ਸਰਕਾਰ ਇਸ ਰਿਪੋਰਟ ਦੀ ਕਾਪੀ ਪੰਜਾਬ ਵਿਧਾਨ ਸਭਾ ਦੇ ਮੇਜ਼ ਤੇ ਰੱਖੇਗੀ।

## 19. ਨੇਕ- ਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਅ (Protection of action taken in good faith) :-

(1) ਕੋਈ ਦਾਵਾ, ਫ਼ੌਜਦਾਰੀ ਮੁਕੱਦਮਾ ਜਾਂ ਹੋਰ ਕਾਨੂੰਨੀ ਕਾਰਵਾਈ ਕਿਸੇ ਵੀ ਵਿਅਕਤੀ ਵਿਰੁੱਧ ਕੁੱਝ ਵੀ ਅਜਿਹਾ ਕਰਨ ਲਈ ਜੋ ਨੇਕ -ਨੀਤੀ ਨਾਲ ਕੀਤਾ ਗਿਆ ਹੋਵੇ ਜਾਂ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਨੂੰ ਲਾਗੂ ਕਰਨ ਜਾਂ ਇਸ ਅਧੀਨ ਬਣਾਏ ਨਿਯਮਾਂ ਅਧੀਨ ਕੀਤਾ

ਜਾਣਾ ਹੋਵੇ, ਨਹੀਂ ਚਲਾਇਆ ਜਾਵੇਗਾ;

(2) ਕਮਿਸ਼ਨ ਦੁਆਰਾ ਇਸ ਐਕਟ ਅਧੀਨ ਕੀਤਾ ਕੋਈ ਕੰਮ ਜਾਂ ਕੀਤੀ ਕਾਰਵਾਈ ਮਹਿਜ਼ ਇਹ ਆਧਾਰ ਕਿ ਇਸ ਵਿੱਚ ਕੋਈ ਆਸਾਮੀ ਖਾਲੀ ਹੈ ਜਾਂ ਇਸ ਦੀ ਬਣਤਰ ਵਿੱਚ ਕੋਈ ਨੁਕਸ ਜਾਂ ਅਨਿਯਮਤਾ ਹੈ ਜਾਂ ਮੀਟਿੰਗ ਵਿੱਚ ਕੋਈ ਕਮਿਸ਼ਨਰ ਗੈਰ ਹਾਜ਼ਰ ਹੈ, ਨਕਾਰਾ ਨਹੀਂ ਹੋਵੇਗੀ।

## 20. ਅਦਾਲਤ ਦੇ ਅਧਿਕਾਰ ਖੇਤਰ ਤੇ ਪਾਬੰਦੀ :-

ਕੋਈ ਵੀ ਦੀਵਾਨੀ ਅਦਾਲਤ ਨੂੰ ਕਿਸੇ ਵੀ ਮਾਮਲੇ ਤੇ ਜੋ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾ ਅਧੀਨ, ਕਿਸੇ ਵੀ ਅਥਾਰਟੀ ਦੁਆਰਾ ਨਿਪਟਾਏ ਗਏ ਹੋਣ ਕਿਸੇ ਤਰ੍ਹਾਂ ਦਾ ਮੁਕੱਦਮਾ (suit) ਜਾਂ ਕਾਰਵਾਈ, ਤੇ ਅਮਲ ਕਰਨ ਦਾ ਅਧਿਕਾਰ ਨਹੀਂ ਹੋਵੇਗਾ।

## 21. ਨਿਯਮ ਬਣਾਉਣ ਦੇ ਅਧਿਕਾਰ (Powers to make rules)

(1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਨੋਟੀਫੀਕੇਸ਼ਨ ਦੁਆਰਾ, ਇਸ ਐਕਟ ਦੇ ਉਦੇਸ਼ਾਂ ਨੂੰ ਲਾਗੂ ਕਰਨ ਦੇ ਮੰਤਵ ਲਈ ਨਿਯਮ ਬਣਾ ਸਕਦੀ ਹੈ;

(2) ਵਿਸ਼ੇਸ਼ ਕਰਕੇ ਅਤੇ ਪਹਿਲਾਂ ਦਿੱਤੀਆਂ ਸ਼ਕਤੀਆਂ ਦੇ ਅਨੁਕੂਲਤਾ ਤੋਂ ਇਲਾਵਾ ਅਜਿਹੇ ਨਿਯਮ ਹੇਠ ਦਿੱਤੇ ਸਾਰੇ ਜਾਂ ਇਹਨਾਂ ਵਿੱਚੋ ਕਿਸੇ ਪ੍ਰਤੀ -ਉਪਬੰਧ ਬਣਾ ਸਕਦੇ ਹਨ :-

ਏ) ਧਾਰਾ 5 ਦੀ ਉਪ ਧਾਰਾ 3 ਅਧੀਨ ਸੇਵਾਵਾਂ ਦਾ ਰਿਕਾਰਡ ਰਖਣ ਲਈ ਫਾਰਮੇਟ ;

ਬੀ) ਧਾਰਾ 10 ਅਧੀਨ ਦਿੱਤੀ ਗਈ ਪ੍ਰਤੀ -ਬੇਨਤੀ ਦੇ ਨਿਪਟਾਰੇ ਦੀ ਪ੍ਰੀਕ੍ਰਿਆ;

ਸੀ) ਧਾਰਾ 15 ਦੀ ਉੱਪ ਧਾਰਾ 6 ਅਧੀਨ ਕਮਿਸ਼ਨ ਦੇ ਅਧਿਕਾਰੀਆਂ ਅਤੇ ਦੂਜੇ ਕਰਮਚਾਰੀਆਂ ਦੀ ਤਨਖ਼ਾਹ, ਭੱਤੇ ਅਤੇ ਸੇਵਾ ਦੀਆਂ ਸ਼ਰਤਾਂ ;

ਡੀ) ਹੋਰ ਕੋਈ ਵੀ ਮਾਮਲਾ ਜੋ ਜ਼ਰੂਰੀ ਹੋਵੇ ਜਾਂ ਜੋ ਨਿਰਧਾਰਤ ਕੀਤਾ ਜਾਵੇਗਾ;

(3) ਇਸ ਐਕਟ ਅਧੀਨ ਰਾਜ ਸਰਕਾਰ ਦੁਆਰਾ ਬਣਾਇਆ ਗਿਆ ਹਰੇਕ ਨਿਯਮ, ਇਸ ਦੇ ਬਣਾਉਣ ਤੋਂ ਜਿਤਨੀ ਜਲਦੀ ਹੋ ਸਕੇ, ਰਾਜ ਵਿਧਾਨ ਸਭਾ ਅੱਗੇ ਜਦੋਂ ਵਿਧਾਨ ਸਭਾ ਕੁੱਲ 10 ਦਿਨਾਂ ਦੇ ਸਮੇਂ ਲਈ ਸੈਸ਼ਨ ਵਿਚ ਹੋਵੇ, ਜੋ ਕਿ ਇੱਕ ਸੈਸ਼ਨ, ਦੋ ਜਾਂ ਵਾਧੂ ਨਿਰੰਤਰ ਸੈਸ਼ਨ ਵਿੱਚ ਵੀ ਹੋ ਸਕਦਾ ਹੈ, ਅਤੇ ਜੇਕਰ ਸੈਸ਼ਨ ਖਤਮ ਹੋਣ ਤੋ ਪਹਿਲਾਂ ਤੁਰੰਤ ਬਾਅਦ ਦੇ ਸੈਸ਼ਨ ਜਾਂ ਨਿਰੰਤਰ ਉਕਤ ਸੈਸ਼ਨਾਂ ਵਿੱਚ ਸਦਨ ਇਸ ਗੱਲ ਲਈ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਵਿੱਚ ਕੋਈ ਸੋਧ ਕੀਤੀ ਜਾਵੇ ਜਾਂ ਸਦਨ ਇਸ ਲਈ ਸਹਿਮਤ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਨਿਯਮ ਉਸ ਤੋਂ ਬਾਅਦ ਸੋਧੀ ਸੂਰਤ ਵਿੱਚ ਪ੍ਰਭਾਵੀ ਹੋਵੇਗਾ ਜਾਂ ਲਾਗੂ ਨਹੀਂ ਹੋਵੇਗਾ, ਜੋ ਵੀ ਲਾਗੂ ਹੋਵੇ, ਪਰੰਤੂ ਅਜਿਹੀ ਸੋਧ ਜਾਂ ਰੱਦਗੀ (annulment) ਇਸ ਨਿਯਮ ਅਧੀਨ ਪਹਿਲਾਂ ਕੀਤੀ ਕਾਰਵਾਈ ਦੀ ਯੋਗਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਾਵੇਗੀ।

## 22. ਮੁਸ਼ਕਲਾਂ ਦੂਰ ਕਰਨ ਦੀਆਂ ਸ਼ਕਤੀਆਂ (Power to remove difficulties) :-

ਇਸ ਐਕਟ ਦੇ ਉਪਬੰਧਾਂ ਨੂੰ ਲਾਗੂ ਕਰਦੇ ਸਮੇਂ ਜੇਕਰ ਕੋਈ ਮੁਸ਼ਕਲ ਪੇਸ਼ ਆਉਂਦੀ ਹੈ, ਰਾਜ ਸਰਕਾਰ ਅਜਿਹੇ ਹੁਕਮਾਂ ਦੁਆਰਾ ਜੋ ਇਸ ਐਕਟ ਦੇ ਉਪਬੰਧਾਂ ਦੇ ਅਨੁਕੂਲ ਨਾ ਹੋਣ , ਇਸ ਨੂੰ ਦੂਰ ਕਰ ਸਕਦੀ ਹੈ;

ਪਰੰਤੂ ਸ਼ਰਤ ਇਹ ਹੈ ਕਿ ਇਸ ਐਕਟ ਦੇ ਲਾਗੂ ਹੋਣ ਤੇ ਦੋ ਸਾਲ ਉਪਰੰਤ, ਅਜਿਹਾ ਕੋਈ ਹੁਕਮ ਜਾਰੀ ਨਹੀਂ ਕੀਤਾ ਜਾਵੇਗਾ।

## 23. ਮਨਸੂਖੀ ਅਤੇ ਬਚਾਅ :-

(1) ਪੰਜਾਬ ਸੇਵਾ ਦਾ ਅਧਿਕਾਰ ਅਧਿਆਦੇਸ਼, 2011 (ਪੰਜਾਬ ਅਧਿਆਦੇਸ਼ ਨੰ: 7 ਆਫ) 2011 ਮਨਸੂਖ ਕੀਤਾ ਜਾਂਦਾ ਹੈ।

(2) ਉਪ ਧਾਰਾ (1) ਵਿੱਚ ਹਵਾਲਾ ਕੀਤੇ ਅਧਿਆਦੇਸ਼ ਦੀ ਮਨਸੂਖੀ ਦੇ ਹੁੰਦੇ ਹੋਏ ਵੀ, ਇਸ ਅਧੀਨ ਕੀਤਾ ਕੁੱਝ ਵੀ ਜਾਂ ਕੋਈ ਵੀ ਕੀਤੀ ਕਾਰਵਾਈ, ਇਸ ਤਰ੍ਹਾਂ ਸਮਝੀ ਜਾਵੇਗੀ ਜਿਵੇਂ ਕਿ ਇਸ ਕਾਨੂੰਨ ਅਧੀਨ ਕੀਤੀ ਗਈ ਹੈ।